# It's Time - ਆਮ ਪੁੱਛੇ ਜਾਣ ਵਾਲੇ ਸਵਾਲ

## 1. It's Time ਪ੍ਰੋਜੈਕਟ ਕੀ ਹੈ?

It's Time ਪ੍ਰੋਜੈਕਟ Mobility Pricing Independent Commission ਵਲੋਂ ਲੋਕਾਂ ਦੇ ਵਿਚਾਰ ਲੈਣ ਅਤੇ ਖੋਜ ਦਾ ਇਕ ਉੱਦਮ ਹੈ ਜਿਸ ਦਾ ਮਕਸਦ ਮੈਟਰੋ ਵੈਨਕੂਵਰ ਦੇ ਇਲਾਕੇ ਵਿਚ ਟ੍ਰਾਂਸਪੋਰਟੇਸ਼ਨ ਦੇ ਭਵਿੱਖ ਦੀ ਪਲੈਨ ਦੇ ਹਿੱਸੇ ਵਜੋਂ decongestion charging ਦਾ ਪਤਾ ਲਾਉਣਾ ਹੈ। ਪ੍ਰੋਜੈਕਟ decongestion charging ਬਾਰੇ ਖੋਜ ਕਰਨ ਅਤੇ ਜਾਣਕਾਰੀ ਇਕੱਠੀ ਕਰਨ ਲਈ ਬਣਾਇਆ ਗਿਆ ਹੈ ਜਿਸ ਵਿਚ ਇਹ ਸਿੱਖਣਾ ਕਿ ਚਾਰਜਿੰਗ ਨੇ ਹੋਰ ਸ਼ਹਿਰਾਂ ਵਿਚ ਕਿਵੇਂ ਕੰਮ ਕੀਤਾ ਹੈ, ਅਤੇ ਵਸਨੀਕਾਂ ਅਤੇ ਕਾਰੋਬਾਰਾਂ ਤੋਂ ਇਹ ਸੁਣਨਾ ਵੀ ਸ਼ਾਮਲ ਹੈ ਕਿ ਸਥਾਨਕ ਦ੍ਰਿਸ਼ਟੀਕੋਣ ਤੋਂ decongestion charging ਦਾ ਕੀ ਮਤਲਬ ਹੈ।

It's Time ਪ੍ਰੋਜੈਕਟ ਟੀਮ ਤਕਨੀਕੀ ਮਾਹਰਾਂ ਅਤੇ ਲੋਕਾਂ ਨੂੰ ਸ਼ਾਮਲ ਕਰਨ ਵਾਲੀ ਇਕ ਟੀਮ ਤੋਂ ਬਣੀ ਹੈ ਜੋ ਕਿ ਸਾਡੇ ਇਲਾਕੇ ਵਿਚ ਭੀੜ-ਭੜੱਕੇ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਖੋਜ ਕਰੇਗੀ ਅਤੇ ਲੋਕਾਂ ਦੇ ਵਿਚਾਰ ਇਕੱਠੇ ਕਰੇਗੀ ਅਤੇ ਇਸੇ ਦੌਰਾਨ ਇਕ ਅਜਿਹਾ ਸਿਸਟਮ ਤਿਆਰ ਕਰੇਗੀ ਜਿਹੜਾ ਵਰਤੋਂ ਕਰਨ ਵਾਲੇ ਸਾਰੇ ਲੋਕਾਂ ਲਈ ਵਾਜਬ ਹੋਵੇ, ਅਤੇ ਜਿਹੜਾ ਇਲਾਕੇ ਵਿਚ ਟ੍ਰਾਂਸਪੋਰਟੇਸ਼ਨ ਦਾ ਨਵਾਂ ਅਤੇ ਸੁਧਰਿਆ ਹੋਇਆ ਢਾਂਚਾ ਉਸਾਰਨ ਵਿਚ ਮਦਦ ਕਰਨ ਲਈ ਆਮਦਨ ਪੈਦਾ ਕਰੇਗਾ।

## 2. decongestion charging ਕੀ ਹੈ?

Decongestion charging ਸੜਕਾਂ ਦੀ ਵਰਤੋਂ ਲਈ ਫੀਸਾਂ ਦਾ ਇਕ ਰੂਪ ਹੈ ਜਿੱਥੇ ਵਰਤੋਂ ਕਰਨ ਵਾਲੇ ਵਰਤੀਆਂ ਜਾਣ ਵਾਲੀਆਂ ਸੜਕ-ਸੇਵਾਵਾਂ ਲਈ ਖਰਚਾ ਦਿੰਦੇ ਹਨ। ਇਸ ਵਿਚ ਦਿਨ ਦੇ ਜ਼ਿਆਦਾ ਭੀੜ-ਭੜੱਕੇ ਵਾਲੇ ਸਮਿਆਂ ਦੌਰਾਨ ਸੜਕ ਦੀ ਵਰਤੋਂ ਕਰਨ ਲਈ ਥੋੜ੍ਹੇ ਜਿਹੇ ਪੈਸੇ ਦੇਣਾ, ਜਾਂ ਕਾਰ ਵਿਚ ਸਫਰ ਕਰਨ ਵੇਲੇ ਪ੍ਰਤੀ ਕਿਲੋਮੀਟਰ ਲਈ ਪੈਸੇ ਦੇਣਾ ਸ਼ਾਮਲ ਹੈ। It's Time ਪ੍ਰੋਜੈਕਟ, ਸੜਕਾਂ ਅਤੇ ਬ੍ਰਿਜਾਂ ਦੀ ਵਰਤੋਂ ਨਾਲ ਜੁੜੇ ਭੀੜ-ਭੜੱਕੇ ਦੌਰਾਨ ਚਾਰਜਾਂ ਦਾ ਪਤਾ ਲਾਵੇਗਾ। ਇਸ ਵਿਚ ਤੇਲ ਦੀ ਵਿਕਰੀ 'ਤੇ ਟੈਕਸ, ਗੱਡੀਆਂ 'ਤੇ ਵਸੂਲ ਅਤੇ ਇਨਸ਼ੋਰੈਂਸ ਪ੍ਰੀਮੀਅਮ, ਸਭ ਤੋਂ ਜ਼ਿਆਦਾ ਭੀੜ-ਭੜੱਕੇ ਵਾਲੀਆਂ ਸੜਕਾਂ ਅਤੇ ਬ੍ਰਿਜਾਂ ਦੀ ਵਰਤੋਂ ਲਈ ਫੀਸਾਂ, ਅਤੇ ਪ੍ਰਤੀ-ਕਿਲੋਮੀਟਰ ਫੀਸਾਂ ਵਰਗੀਆਂ ਚੋਣਾਂ ਸ਼ਾਮਲ ਹੋ ਸਕਦੀਆਂ ਹਨ। decongestion charging ਦੀ ਵਰਤੋਂ ਦੁਨੀਆ ਭਰ ਦੇ ਵੱਡੇ ਸ਼ਹਿਰਾਂ ਵਿਚ ਕੀਤੀ ਜਾ ਰਹੀ ਹੈ ਜਿਸ ਵਿਚ ਸਿੰਗਾਪੁਰ, ਸਟੌਕਹੋਮ, ਅਤੇ ਲੰਡਨ ਸ਼ਾਮਲ ਹਨ ਅਤੇ ਜਿਸ ਦਾ ਮਕਸਦ ਭੀੜ-ਭੜੱਕਾ ਘਟਾਉਣਾ, ਸਫਰ ਦੇ ਸਮਿਆਂ ਵਿਚ ਸੁਧਾਰ ਕਰਨਾ, ਅਤੇ ਨਵੇਂ ਅਤੇ ਟ੍ਰਾਂਸਪੋਰਟੇਸ਼ਨ ਦੇ ਸੁਧਰੇ ਹੋਏ ਢਾਂਚੇ ਵਿਚ ਦੁਬਾਰਾ ਪੂੰਜੀ-ਨਿਵੇਸ਼ ਕਰਨ ਲਈ ਫੰਡ ਪੈਦਾ ਕਰਨਾ ਹੈ।

Decongestion charging ਬਾਰੇ ਜ਼ਿਆਦਾ ਜਾਣੋ।

## 3. ਮੋਬਿਲਟੀ ਪ੍ਰਾਈਸਿੰਗ (ਸੜਕਾਂ ਦੀ ਵਰਤੋਂ ਲਈ ਫੀਸਾਂ) ਕੀ ਹੈ?

ਮੋਬਿਲਟੀ ਪ੍ਰਾਈਸਿੰਗ (ਸੜਕਾਂ ਦੀ ਵਰਤੋਂ ਲਈ ਫੀਸਾਂ) ਉਹ ਵੱਖ ਵੱਖ ਤਰੀਕੇ ਹਨ ਜਿਨ੍ਹਾਂ ਰਾਹੀਂ ਅਸੀਂ ਆਪਣੇ ਟ੍ਰਾਂਸਪੋਰਟੇਸ਼ਨ ਸਿਸਟਮ ਦੀ ਵਰਤੋਂ ਲਈ ਖਰਚਾ ਦਿੰਦੇ ਹਾਂ। ਇਸ ਵਿਚ decongestion charging ਸ਼ਾਮਲ ਹੈ ਅਤੇ ਇਸ ਦੇ ਨਾਲ ਨਾਲ ਕਾਰ ਸ਼ੇਰਿੰਗ, ਬਾਈਕ ਸ਼ੇਰਿੰਗ, ਰਾਈਡ ਸ਼ੇਰਿੰਗ, ਪਾਰਕਿੰਗ ਫੀਸਾਂ, ਅਤੇ ਟ੍ਰਾਂਜ਼ਿਟ ਦੇ ਕਿਰਾਇਆਂ ਲਈ ਚਾਰਜ ਵੀ ਸ਼ਾਮਲ ਹਨ।

IT'S TIME

## 4. ਮੈਟਰੋ ਵੈਨਕੂਵਰ ਭੀੜ-ਭੜੱਕੇ ਲਈ ਕੀਮਤ ’ਤੇ ਹੁਣ ਵਿਚਾਰ ਕਿਉਂ ਕਰ ਰਿਹਾ ਹੈ?

ਸਾਡਾ ਇਲਾਕਾ ਵਧ ਰਿਹਾ ਹੈ, ਪਹਿਲਾਂ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਲੋਕ ਅਤੇ ਸਾਮਾਨ ਸਾਡੀਆਂ ਸੜਕਾਂ ਅਤੇ ਬ੍ਰਿਜਾਂ ’ਤੇ ਮੂਵ ਹੋ ਰਿਹਾ ਹੈ। ਇਪਸੋਸ ਰੀਡ ਦੀ ਇਕ ਤਾਜ਼ਾ ਪੋਲ ਨੇ ਇਹ ਦਿਖਾਇਆ ਹੈ ਕਿ 89% ਵੈਨਕੂਵਰੀਏ ਇਹ ਮਹਿਸੂਸ ਕਰਦੇ ਹਨ ਕਿ ਜਦੋਂ ਇਲਾਕੇ ਵਿਚ ਇਧਰ ਉਧਰ ਜਾਣ ਦੀ ਗੱਲ ਆਉਂਦੀ ਹੈ ਤਾਂ ਟਰੈਫਿਕ ਵਿਚ ਦੇਰ ਲੱਗਣਾ ਪਰੇਸ਼ਾਨੀ ਦਾ ਇਕ ਮੁੱਖ ਕਾਰਨ ਹੈ। ਜੇ ਅਸੀਂ ਕੁਝ ਨਾ ਕੀਤਾ ਤਾਂ ਟਰੈਫਿਕ ਦਾ ਭੀੜ-ਭੜੱਕਾ ਸਾਡੇ ਇਲਾਕੇ ਦੀ ਆਰਥਿਕ ਤਰੱਕੀ ਦੀ ਸੰਭਾਵਨਾ ਨੂੰ ਸੀਮਤ ਕਰ ਦੇਵੇਗਾ ਅਤੇ ਇਸ ਦਾ ਸਾਡੀ ਜ਼ਿੰਦਗੀ ਦੀ ਕੁਆਲਟੀ ’ਤੇ ਅਤੇ ਸਾਡੇ ਵਾਤਾਵਰਣ ਦੀ ਸਿਹਤ ’ਤੇ ਨਾਂਹਪੱਖੀ ਅਸਰ ਵਧਦਾ ਜਾਵੇਗਾ।

## 5. ਕੀ ਅਸੀਂ ਪਹਿਲਾਂ ਹੀ ਇਲਾਕੇ ਵਿਚ ਟ੍ਰਾਂਸਪੋਰਟੇਸ਼ਨ ਲਈ ਖਰਚਾ ਨਹੀਂ ਦੇ ਰਹੇ?

ਮੋਬਿਲਟੀ ਪ੍ਰਾਈਸਿੰਗ ਮੈਟਰੋ ਵੈਨਕੂਵਰ ਵਿਚ ਪਹਿਲਾਂ ਹੀ ਮੌਜੂਦ ਹੈ ਅਤੇ ਇਸ ਵਿਚ ਤੇਲ ਉੱਪਰ ਟੈਕਸ, ਟ੍ਰਾਂਜ਼ਿਟ ਦੇ ਕਿਰਾਏ, ਅਤੇ ਹੁਣੇ ਹੁਣੇ ਹਟਾਏ ਗਏ ਬ੍ਰਿਜਾਂ ’ਤੇ ਟੋਲਾਂ ਵਰਗੀਆਂ ਚੀਜ਼ਾਂ ਸ਼ਾਮਲ ਹਨ। ਜਿਹੜੇ ਪੈਸੇ ਅਸੀਂ ਦਿੰਦੇ ਹਾਂ, ਉਹ ਟ੍ਰਾਂਜ਼ਿਟ ਦੇ ਸਟਾਫ ਦੀਆਂ ਤਨਖਾਹਾਂ ਦੇਣ, ਸਾਡੀਆਂ ਸੜਕਾਂ ਅਤੇ ਬ੍ਰਿਜਾਂ ਨੂੰ ਠੀਕ ਰੱਖਣ, ਅਤੇ ਸਾਡੇ ਟ੍ਰਾਂਸਪੋਰਟੇਸ਼ਨ ਸਿਸਟਮ ਨੂੰ ਵਧਾਉਣ ਦਾ ਖਰਚਾ ਦੇਣ ਵਿਚ ਮਦਦ ਕਰਦੇ ਹਨ। ਬਦਕਿਸਮਤੀ ਨਾਲ, ਇਲਾਕੇ ਵਿਚ ਕੀਮਤ ਦੇਣ ਦਾ ਤਰੀਕਾ ਅਸਲ ਵਿਚ ਉੱਥੇ ਭੀੜ-ਭੜੱਕੇ ਦਾ ਹੱਲ ਨਹੀਂ ਕਰ ਰਿਹਾ ਜਿੱਥੇ ਇਸ ਦੀ ਸਭ ਤੋਂ ਜ਼ਿਆਦਾ ਲੋੜ ਹੈ, ਇਹ ਸਦਾ ਨਿਆਂਕਾਰੀ ਨਹੀਂ ਸੀ, ਅਤੇ ਇਹ ਓਨੀ ਆਮਦਨ ਨਹੀਂ ਪੈਦਾ ਕਰ ਰਿਹਾ ਜਿੰਨੀ ਦੀ ਸਾਨੂੰ ਆਪਣੇ ਟ੍ਰਾਂਸਪੋਰਟੇਸ਼ਨ ਦੇ ਸਿਸਟਮ ਨੂੰ ਅਪਗਰੇਡ ਕਰਨ ਅਤੇ ਕਾਇਮ ਰੱਖਣ ਲਈ ਲੋੜ ਹੈ।

ਇਸ ਕਰਕੇ ਹੀ It's Time ਪ੍ਰੋਜੈਕਟ ਇਹ ਪਤਾ ਲਾਏਗਾ ਕਿ ਕੀ ਸਾਡੇ ਟ੍ਰਾਂਸਪੋਰਟੇਸ਼ਨ ਸਿਸਟਮ ਲਈ ਖਰਚਾ ਦੇਣ ਦਾ ਕੋਈ ਬਿਹਤਰ, ਵਾਜਬ ਤਰੀਕਾ ਹੋ ਸਕਦਾ ਹੈ – ਅਜਿਹਾ ਤਰੀਕਾ ਜਿਸ ਵਿਚ ਹੋਰ ਫਾਇਦੇ ਵੀ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਬਿਹਤਰ ਪਹੁੰਚ-ਯੋਗਤਾ, ਘੱਟ ਭੀੜ-ਭੜੱਕਾ ਅਤੇ ਸਾਫ਼ ਹਵਾ। ਇਹ ਛਾਣਬੀਣ ਕਰਕੇ ਕਿ ਕਿਵੇਂ decongestion charging ਦੀ ਵਰਤੋਂ ਸਾਡੇ ਟ੍ਰਾਂਸਪੋਰਟੇਸ਼ਨ ਸਿਸਟਮ ਨੂੰ ਸੁਧਾਰਨ ਲਈ ਕੀਤੀ ਜਾ ਸਕਦੀ ਹੈ, It's Time ਪ੍ਰੋਜੈਕਟ ਮੋਬਿਲਟੀ ਪ੍ਰਾਈਸਿੰਗ ਲਈ ਇਕ ਪਹੁੰਚ ਤਿਆਰ ਕਰਨ ਵੱਲ ਇਕ ਮਹੱਤਵਪੂਰਨ ਪਹਿਲਾ ਕਦਮ ਹੈ ਜਿਹੜਾ ਸਾਡਾ ਇਲਾਕੇ ਦੀਆਂ ਵਿਲੱਖਣ ਲੋੜਾਂ ਪੂਰੀਆਂ ਕਰਦੀ ਹੋਵੇ।

## 6. ਕੀ ਇਸ ਦਾ ਮਤਲਬ ਹੈ ਕਿ ਬ੍ਰਿਜ ਟੋਲ ਦੁਬਾਰਾ ਸ਼ੁਰੂ ਕੀਤੇ ਜਾ ਸਕਦੇ ਹਨ?

ਹੁਣੇ ਹੁਣੇ ਹਟਾਏ ਗਏ ਬ੍ਰਿਜ ਟੋਲ ਪੱਖਪਾਤੀ ਸਨ ਅਤੇ ਇਹ ਬਿਨਾਂ ਟੋਲਾਂ ਵਾਲੇ ਹੋਰ ਬ੍ਰਿਜਾਂ ਅਤੇ ਬੁਨਿਆਦੀ ਢਾਂਚੇ ’ਤੇ ਵਾਧੂ ਭੀੜ-ਭੜੱਕਾ ਪੈਦਾ ਕਰ ਰਹੇ ਸਨ। ਟੋਲਾਂ ਦਾ ਇਹ ਢਾਂਚਾ ਦੁਬਾਰਾ ਲਾਗੂ ਨਹੀਂ ਕੀਤਾ ਜਾਵੇਗਾ।

ਬ੍ਰਿਜਾਂ ’ਤੇ ਟੋਲ ਭੀੜ-ਭੜੱਕੇ ਲਈ ਕੀਮਤ ਦੇ ਤਰੀਕਿਆਂ ਦਾ ਹਿੱਸਾ ਹੋ ਸਕਦੇ ਹਨ, ਪਰ ਇਹ ਇਸ ਤਰੀਕੇ ਨਾਲ ਲਾਗੂ ਹੋਣਗੇ ਜਿਹੜਾ ਸਾਰੇ ਵਰਤੋਂਕਾਰਾਂ ਲਈ ਵਾਜਬ ਹੋਵੇਗਾ, ਜਿਵੇਂ ਕਿ ਸਾਰੇ ਬ੍ਰਿਜਾਂ ’ਤੇ ਟੋਲ ਲਗਾਏ ਜਾਣ, ਬ੍ਰਿਜਾਂ ’ਤੇ ਟੋਲ ਭੀੜ-ਭੜੱਕੇ ਲਈ ਵੱਡੀ ਫੀਸ ਦੇ ਹਿੱਸੇ ਵਜੋਂ ਲਾਏ ਜਾਣ ਜਾਂ ਪ੍ਰਤੀ-ਕਿਲੋਮੀਟਰ ਦੇ ਖਰਚੇ ਵਾਲੀ ਪਹੁੰਚ। It's Time ਪ੍ਰੋਜੈਕਟ, ਲੋਕਾਂ ਦੀ ਸ਼ਮੂਲੀਅਤ ਦੇ ਇਸ ਕਾਰਜ ਦੌਰਾਨ ਭੀੜ-ਭੜੱਕੇ ਲਈ ਕੀਮਤ ਦੀਆਂ ਖਾਸ ਚੋਣਾਂ ਦਾ ਪਤਾ ਲਾਉਣਾ ਸ਼ੁਰੂ ਕਰਨ ਦੀ ਪਲੈਨ ਬਣਾ ਰਿਹਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ It's Time ਪ੍ਰੋਜੈਕਟ ਸਿਰਫ ਭੀੜ-ਭੜੱਕੇ ਲਈ ਕੀਮਤ ਦੀਆਂ ਚੋਣਾਂ ਦਾ ਪਤਾ ਲਾ ਰਿਹਾ ਹੈ। ਮੋਬਿਲਟੀ ਪ੍ਰਾਈਸਿੰਗ (ਸੜਕਾਂ ਦੀ ਵਰਤੋਂ ਲਈ ਫੀਸਾਂ) ਨੂੰ ਕਿੱਥੇ ਲਾਗੂ ਕਰਨਾ ਹੈ, ਲਾਗੂ ਕਰਨਾ ਹੈ ਜਾਂ ਨਹੀਂ, ਅਤੇ ਕਿਵੇਂ ਲਾਗੂ ਕਰਨਾ ਹੈ, ਇਸ ਦਾ ਅੰਤਿਮ ਫੈਸਲਾ ਸਥਾਨਕ ਅਤੇ ਸੂਬਾਈ ਸਰਕਾਰਾਂ ਨੇ ਕਰਨਾ ਹੈ।

## 7. ਘੱਟ ਆਮਦਨ ਵਾਲੇ ਲੋਕਾਂ ਅਤੇ ਇਲਾਕਿਆਂ ’ਤੇ decongestion charging ਕਿਵੇਂ ਅਸਰ ਪਾ ਸਕਦੇ ਹਨ?

ਵਾਰਾ ਖਾਣ ਯੋਗਤਾ ਦੇ ਫਿਕਰ ਮੈਟਰੋ ਵੈਨਕੂਵਰੀਆਂ ਦੇ ਮਨ ’ਤੇ ਸਭ ਤੋਂ ਉੱਪਰ ਹਨ। It's Time ਪ੍ਰੋਜੈਕਟ ਦੀ ਟੀਮ ਇਹ ਸਮਝਦੀ ਹੈ ਕਿ ਵਾਰਾ ਖਾਣ ਯੋਗਤਾ ਲੋਕਾਂ ਅਤੇ ਮੈਟਰੋ ਵੈਨਕੂਵਰ ਇਲਾਕੇ ਦੇ ਵੱਖ ਵੱਖ ਏਰੀਏ ’ਤੇ ਵੱਖਰੇ ਤਰੀਕੇ ਨਾਲ ਅਸਰ ਪਾਉਂਦੀ ਹੈ। ਅਸੀਂ ਹਿੱਤ ਰੱਖਣ ਵਾਲੇ ਲੋਕਾਂ ਲਈ ਵਰਕਸ਼ਾਪਾਂ ਰਾਹੀਂ ਅਤੇ ਸਰਗਰਮੀ ਨਾਲ ਲੋਕਾਂ ਨੂੰ ਸ਼ਾਮਲ ਕਰਨ ਦੇ ਯਤਨਾਂ ਰਾਹੀਂ ਵੱਖ ਵੱਖ ਲੋਕਾਂ ਦੀ ਗੱਲ ਸੁਣਨ ਲਈ ਕੰਮ ਕਰ ਰਹੇ ਹਾਂ। Decongestion charging ਬਾਰੇ ਆਪਣੀ ਗੱਲਬਾਤ ਵਿਚ ਨਿਆਂ ’ਤੇ ਮੁੱਖ ਧਿਆਨ ਦਿੱਤਾ ਜਾਵੇਗਾ। ਇਸ ਵਿਚ ਛੋਟਾਂ ਲਾਗੂ ਕਰਨ ਜਾਂ ਡਿਸਕਾਊਂਟਸ ਵਰਗੀਆਂ ਚੋਣਾਂ ਸ਼ਾਮਲ ਹੋ ਸਕਦੀਆਂ ਹਨ।

## 8. Mobility Pricing Independent Commission ਕੀ ਹੈ?

Mobility Pricing Independent Commission ਮੈਟਰੋ ਵੈਨਕੂਵਰ ਭਰ ਤੋਂ 14 ਨੁਮਾਇੰਦਿਆਂ ਦਾ ਇਕ ਗਰੁੱਪ ਹੈ ਜਿਸ ਨੂੰ ਮੈਟਰੋ ਵੈਨਕੂਵਰ ਵਿਚ decongestion charging ਬਾਰੇ ਰੀਜਨਲ ਟ੍ਰਾਂਸਪੋਰਟੇਸ਼ਨ ਬਾਰੇ ਮੇਅਰਾਂ ਦੀ ਕੌਂਸਲ ਅਤੇ ਟ੍ਰਾਂਸਲਿੰਕ ਦੇ ਬੋਰਡ ਔਫ ਡਾਇਰੈਕਟਰਜ਼ ਨੂੰ ਸ਼ਿਫਾਰਸ਼ਾਂ ਕਰਨ ਦਾ ਕੰਮ ਸੌਂਪਿਆ ਗਿਆ ਹੈ। ਭਾਵੇਂ ਕਿ ਕਮਿਸ਼ਨ ਦੇ ਮੈਂਬਰ ਵੱਖ ਵੱਖ ਸੰਸਥਾਵਾਂ ਨਾਲ ਜੁੜੇ ਹੋਏ ਹਨ, ਪਰ ਉਹ ਕਮਿਸ਼ਨ ਵਿਚ ਹਿੱਸਾ ਪ੍ਰਾਈਵੇਟ ਨਾਗਰਿਕਾਂ ਦੇ ਤੌਰ ’ਤੇ ਲੈ ਰਹੇ ਹਨ।

Mobility Pricing Independent Commission ਬਾਰੇ ਜ਼ਿਆਦਾ ਜਾਣੋ।

## 9. It's Time ਪ੍ਰੋਜੈਕਟ ਕਿਹੜਾ ਮਨੋਰਥ ਪੂਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ?

It's Time ਪ੍ਰੋਜੈਕਟ decongestion charging ਬਾਰੇ ਸਿਫਾਰਸ਼ਾਂ ਕਰਨ ਵਿਚ Mobility Pricing Independent Commission ਦੀ ਮਦਦ ਕਰਨ ਲਈ ਖੋਜ ਅਤੇ ਲੋਕਾਂ ਦੇ ਵਿਚਾਰ ਇਕੱਤਰ ਕਰ ਰਿਹਾ ਹੈ, ਅਤੇ ਇਹ ਪਤਾ ਲਾ ਰਿਹਾ ਹੈ ਕਿ ਇਹ ਮੈਟਰੋ ਵੈਨਕੂਵਰ ਲਈ ਮੋਬਿਲਟੀ ਪ੍ਰਾਈਸਿੰਗ ਦੀ ਵੱਡੀ ਕਾਰਜ ਨੀਤੀ ਦੇ ਵਿਚ ਵਿਚ ਕਿਵੇਂ ਫਿੱਟ ਹੋ ਸਕਦਾ ਹੈ।

IT'S TIME

ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਸੇਧ ਇਨ੍ਹਾਂ ਤਿੰਨ ਮੁੱਖ ਉਦੇਸ਼ਾਂ ਵਲੋਂ ਦਿੱਤੀ ਜਾ ਰਹੀ ਹੈ:

ਇਲਾਕੇ ਵਿਚ, **ਸੜਕਾਂ ਅਤੇ ਬ੍ਰਿਜਾਂ 'ਤੇ ਟਰੈਫਿਕ ਦਾ ਭੀੜ-ਭੜੱਕਾ ਘਟਾਉਣਾ** ਤਾਂ ਜੋ ਲੋਕ ਅਤੇ ਸਾਮਾਨ ਤੁਰਦੇ ਰਹਿਣ ਅਤੇ ਬਿਜ਼ਨਸ ਤਰੱਕੀ ਕਰ ਸਕੇ ਅਤੇ ਮੁਕਾਬਲਾਕਾਰੀ ਬਣ ਸਕੇ।

**ਹੱਕ ਨਿਆਂ ਨੂੰ ਉਤਸ਼ਾਹ ਦੇਣਾ** ਤਾਂ ਜੋ ਕੁਝ ਸੜਕਾਂ ਅਤੇ ਬ੍ਰਿਜਾਂ 'ਤੇ ਟੋਲ ਲਾਉਣ ਪਰ ਹੋਰਨਾਂ ਉੱਪਰ ਨਾ ਲਾਉਣ ਦੀ ਪਿਛਲੀ ਪਹੁੰਚ ਦੁਆਲੇ ਸਰੋਕਾਰਾਂ ਦਾ ਹੱਲ ਕੀਤਾ ਜਾ ਸਕੇ, ਅਤੇ ਟ੍ਰਾਂਸਪੋਰਟੇਸ਼ਨ ਦੀਆਂ ਵਾਰਾ ਖਾਣ ਯੋਗ ਚੋਣਾਂ ਪ੍ਰਦਾਨ ਕੀਤੀਆਂ ਜਾ ਸਕਣ।

**ਟ੍ਰਾਂਸਪੋਰਟੇਸ਼ਨ ਵਿਚ ਪੂੰਜੀ-ਨਿਵੇਸ਼ ਦੀ ਹਿਮਾਇਤ ਕਰਨਾ** ਤਾਂ ਜੋ ਮੈਟਰੋ ਵੈਨਕੂਵਰ ਵਿਚ ਸਾਰੇ ਵਰਤੋਂਕਾਰਾਂ ਲਈ ਟ੍ਰਾਂਸਪੋਰਟੇਸ਼ਨ ਦੇ ਮੌਜੂਦ ਸਿਸਟਮ ਵਿਚ ਸੁਧਾਰ ਹੋਵੇ।

## 10. ਇਲਾਕੇ ਦੀ ਟ੍ਰਾਂਸਪੋਰਟੇਸ਼ਨ ਪਲੈਨਿੰਗ ਵਿਚ It's Time ਪ੍ਰੋਜੈਕਟ ਕਿਵੇਂ ਫਿੱਟ ਹੋ ਰਿਹਾ ਹੈ?

ਮੇਅਰਾਂ ਦੀ ਕੌਂਸਲ ਨੇ ਮੈਟਰੋ ਵੈਨਕੂਵਰ ਟ੍ਰਾਂਸਪੋਰਟੇਸ਼ਨ ਲਈ 10 ਸਾਲਾ ਵਿਜ਼ਨ ਤਿਆਰ ਕੀਤਾ ਹੈ ਜਿਹੜਾ ਇਲਾਕੇ ਭਰ ਵਿਚ ਭੀੜ-ਭੜੱਕੇ ਨੂੰ ਘਟਾਉਣ ਲਈ ਵੱਖੋ ਵੱਖਰੇ ਤਰੀਕੇ ਵਰਣਨ ਕਰਦਾ ਹੈ। ਇਹ ਵਿਜ਼ਨ ਮੋਬਿਲਟੀ ਪ੍ਰਾਈਸਿੰਗ ਦਾ ਅਧਿਐਨ ਕਰਨ ਲਈ ਵਚਨਬੱਧ ਹੁੰਦਾ ਹੈ, ਜਿਸ ਵਿਚ ਮੈਟਰੋ ਵੈਨਕੂਵਰ ਵਿਚ ਟ੍ਰਾਂਸਪੋਰਟੇਸ਼ਨ ਵਿਚ ਸੁਧਾਰ ਕਰਨ ਦੇ ਤਰੀਕੇ ਵਜੋਂ decongestion charging ਵੀ ਸ਼ਾਮਲ ਹੈ।

## 11. ਕੀ ਇਹ ਟ੍ਰਾਂਸਲਿੰਕ ਦਾ ਪ੍ਰੋਜੈਕਟ ਹੈ?

ਟ੍ਰਾਂਸਲਿੰਕ, ਮੇਅਰਾਂ ਦੀ ਕੌਂਸਲ ਦੇ ਨਾਲ, ਆਜ਼ਾਦ ਕਮਿਸ਼ਨ ਨੂੰ ਸਪੌਂਸਰ ਕਰਨ ਵਾਲੀ ਅਥਾਰਟੀ ਹੈ ਅਤੇ ਇਸ ਨੂੰ ਕਮਿਸ਼ਨ ਦੀ ਮਿਆਦ ਦੇ ਅੰਤ 'ਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਮਿਲਣਗੀਆਂ। ਫਿਰ ਵੀ, ਕਮਿਸ਼ਨ ਟ੍ਰਾਂਸਲਿੰਕ ਤੋਂ ਆਜ਼ਾਦ ਕੰਮ ਕਰ ਰਿਹਾ ਹੈ।

## 12. ਲੋਕਾਂ ਦੀ ਰਾਇ ਨੂੰ ਕਿਵੇਂ ਵਿਚਾਰਿਆ ਜਾਵੇਗਾ?

ਜਿਹੜੇ ਵਿਚਾਰ ਤੁਸੀਂ ਦਿਉਗੇ, ਉਹ It's Time ਪ੍ਰੋਜੈਕਟ ਦੇ ਨਤੀਜਿਆਂ ਨੂੰ ਘੜਨ ਵਿਚ ਵੱਡਾ ਰੋਲ ਨਿਭਾਉਣਗੇ। ਔਨਲਾਈਨ ਅਤੇ ਨਿੱਜੀ ਰੂਪ ਵਿਚ ਗੱਲਬਾਤ ਵਿਚ ਸ਼ਾਮਲ ਹੋਣ ਦੇ ਬਹੁਤ ਸਾਰੇ ਮੌਕੇ ਮਿਲਣਗੇ। ਲੋਕਾਂ ਦੀ ਵੱਡੇ ਪੱਧਰ 'ਤੇ ਰਾਇ ਲੈਣ ਤੋਂ ਇਲਾਵਾ, It's Time ਪ੍ਰੋਜੈਕਟ ਦੀ ਟੀਮ ਹਿੱਤ ਰੱਖਣ ਵਾਲੇ ਸਥਾਨਕ ਅਤੇ ਇਲਾਕਾਈ ਲੋਕਾਂ ਨਾਲ ਵੀ ਅਤੇ ਇਸ ਦੇ ਨਾਲ ਨਾਲ ਯੂਜ਼ਰ ਐਡਵਾਈਜ਼ਰੀ ਪੈਨਲ ਨਾਲ ਵੀ ਨੇੜਿਉਂ ਕੰਮ ਕਰੇਗੀ ਜਿਸ ਵਿਚ ਇਲਾਕੇ ਭਰ ਤੋਂ ਵੱਖ ਵੱਖ ਪਿਛੋਕੜਾਂ ਵਾਲੇ ਲੋਕਾਂ ਦੇ ਨੁਮਾਇੰਦੇ ਸ਼ਾਮਲ ਹਨ। ਇਹ ਟੀਮ ਇਕ ਇੰਟਰਨੈਸ਼ਨਲ ਪੀਅਰ ਐਡਵਾਈਜ਼ਰੀ ਪੈਨਲ ਤੋਂ ਵੀ ਜੁਗਤੀ ਸਲਾਹ ਲਵੇਗੀ।

ਇਨ੍ਹਾਂ ਤਰੀਕਿਆਂ ਰਾਹੀਂ ਮਿਲੀ ਰਾਇ ਨੂੰ ਇਲਾਕੇ ਲਈ decongestion charging ਦੀਆਂ ਚੋਣਾਂ ਬਾਰੇ ਤਕਨੀਕੀ ਖੋਜ ਅਤੇ ਵਿਸ਼ਲੇਸ਼ਣ ਨਾਲ ਜੋੜਿਆ ਜਾਵੇਗਾ। ਰਲ ਕੇ ਜਾਣਕਾਰੀ ਦੇ ਇਹ ਦੋ ਸ੍ਰੋਤ decongestion charging ਦੇ ਸੰਬੰਧ ਵਿਚ ਅਜਿਹੀਆਂ ਸਿਫਾਰਸ਼ਾਂ ਘੜਨ ਵਿਚ ਮਦਦ ਕਰਨਗੇ ਜਿਹੜੀਆਂ ਸਾਡੇ ਵਧ ਰਹੇ ਇਲਾਕੇ ਦੀਆਂ ਵਿਲੱਖਣ ਲੋੜਾਂ ਪੂਰੀਆਂ ਕਰਨਗੀਆਂ।

ਅੰਤ ਵਿਚ, ਸਥਾਨਕ ਅਤੇ ਸੂਬਾਈ ਸਰਕਾਰਾਂ ਇਹ ਫੈਸਲਾ ਕਰਨਗੀਆਂ ਕਿ ਮੈਟਰੋ ਵੈਨਕੂਵਰ ਵਿਚ decongestion charging ਨੂੰ ਲਾਗੂ ਕਦੋਂ ਕਰਨਾ ਹੈ, ਕਰਨਾ ਹੈ ਜਾਂ ਨਹੀਂ ਅਤੇ ਕਿਵੇਂ ਕਰਨਾ ਹੈ। It's Time ਪ੍ਰੋਜੈਕਟ ਇਹ ਪੱਕਾ ਕਰੇਗਾ ਕਿ ਸਰਕਾਰਾਂ ਕੋਲ ਉਹ ਜਾਣਕਾਰੀ ਹੋਵੇ ਜਿਸ ਦੀ ਉਨ੍ਹਾਂ ਨੂੰ ਉਸ ਤਰੀਕੇ ਨਾਲ ਇਹ ਫੈਸਲੇ ਕਰਨ ਦੀ ਲੋੜ ਹੈ ਜਿਹੜਾ ਸਥਾਨਕ ਕਦਰਾਂ-ਕੀਮਤਾਂ ਅਤੇ ਤਰਜੀਹਾਂ ਦਾ ਅਕਸ ਦਿਖਾਉਂਦਾ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ Mobility Pricing Independent Commission ਜਿਹੜਾ ਗਰੁੱਪ It's Time ਪ੍ਰੋਜੈਕਟ ਦੇ ਪਿੱਛੇ ਹੈ, ਆਪਣੀਆਂ ਸਿਫਾਰਸ਼ਾਂ ਰੀਜਨਲ ਟ੍ਰਾਂਸਪੋਰਟੇਸ਼ਨ 'ਤੇ ਮੇਅਰਾਂ ਦੀ ਕੌਂਸਲ ਅਤੇ ਟ੍ਰਾਂਸਲਿੰਕ ਬੋਰਡ ਔਫ ਡਾਇਰੈਕਟਰਜ਼ ਨੂੰ 2018 ਦੀ ਬਹਾਰ ਰੁੱਤ ਵਿਚ ਸੌਂਪ ਦੇਵੇਗਾ।

ਗੱਲਬਾਤ ਵਿਚ ਆਪਣਾ ਯੋਗਦਾਨ ਪਾਉ।

## 13. ਮੈਂ ਕਿਵੇਂ ਸ਼ਾਮਲ ਹੋ ਸਕਦਾ/ਸਕਦੀ ਹਾਂ?

ਨਵੰਬਰ 2017 ਅਤੇ ਅਪਰੈਲ 2018 ਦੇ ਵਿਚਕਾਰ It's Time ਗੱਲਬਾਤ ਵਿਚ ਔਨਲਾਈਨ ਅਤੇ ਨਿੱਜੀ ਤੌਰ 'ਤੇ ਸ਼ਾਮਲ ਹੋਣ ਦੇ ਬਹੁਤ ਸਾਰੇ ਮੌਕੇ ਮਿਲਣਗੇ। ਸੂਚਨਾਵਾਂ ਲੈਣ ਲਈ ਸਾਈਨ ਅੱਪ ਕਰੋ, ਜਾਂ ਆ ਰਹੇ ਪ੍ਰੋਗਰਾਮਾਂ ਬਾਰੇ ਜਾਣਨ ਲਈ, ਅਤੇ ਜੋ ਸਾਨੂੰ ਸੁਣਨ ਨੂੰ ਮਿਲ ਰਿਹਾ ਹੈ, ਕੀ ਹੋ ਰਿਹਾ ਹੈ ਅਤੇ ਅਸੀਂ ਅਗਾਂਹ ਕੀ ਕਰਨ ਦੀ ਪਲੈਨ ਬਣਾ ਰਹੇ ਹਾਂ ਬਾਰੇ ਨੇਮ ਨਾਲ ਤਾਜ਼ਾ ਜਾਣਕਾਰੀ ਲੈਣ ਲਈ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਅਤੇ ਮੀਡੀਅਮ 'ਤੇ ਸਾਨੂੰ ਫੌਲੋ ਕਰੋ।